# ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ) ਜਲੰਧਰ

**Email Id: deose.jalandhar@punjabeducation.gov.in**

**Tel.No. 0181-2402078 PIN-144008**


ਵੱਲ,

ਸਮੂਹ ਸਕੂਲ ਮੁੱਖੀ,
ਸਸਸਸ/ਸਹਸ ਜਲੰਧਰ

ਪੱਤਰ ਨੰ. ਜੀ-2/2021/ 111136
ਮਿਤੀ ਜਲੰਧਰ: 31-3-21

**ਵਿਸ਼ਾ:-** **ਕੋਵਿਡ-19 ਦੀ ਵੈਕਸੀਨੇਸ਼ਨ ਕਰਵਾਉਣ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਮਿਤੀ 30.3.2021 ਤੱਕ ਜੋ ਬਲਾਕਾਂ ਵਲੋਂ ਇਸ ਦਫਤਰ ਨੂੰ ਵੈਕਸੀਨੇਸ਼ਨ ਰਿਪੋਰਟ ਭੇਜੀ ਹੈ, ਨੂੰ ਵੇਖਣ ਤੇ ਪਤਾ ਲਗਾ ਹੈ ਕਿ ਲਗਭਗ 1000 ਅਪਰ ਪ੍ਰਾਇਮਰੀ ਅਧਿਕਾਰੀ/ਕਰਮਚਾਰੀ ਕੋਵਿਡ-19 ਵੈਕਸੀਨੇਸ਼ਨ ਤੋਂ ਵਾਂਝੇ ਹਨ ਜਿਹਨਾਂ ਨੇ ਅਜੇ ਤੱਕ ਕੋਵਿਡ ਵੈਕਸੀਨੈਸ਼ਨ ਦੀ ਪਹਿਲੀ ਡੋਜ਼ ਵੀ ਨਹੀ ਲਈ ਹੈ।

ਇਸ ਲਈ ਸਮੂਹ ਸਕੂਲ ਮੁੱਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਮਾਨਯੋਗ ਡਿਪਟੀ ਕਮਿਸ਼ਨਰ ਜਲੰਧਰ ਜੀ ਵਲੋ ਵੀ ਸਮੂਹ ਕਰਮਚਾਰੀਆਂ ਨੂੰ ਵੈਕਸੀਨੇਸ਼ਨ ਕਰਵਾਉਣ ਦੀ ਬਾਰ-2 ਹਦਾਇਤ ਕੀਤੀ ਜਾ ਰਹੀ ਹੈ ਅਤੇ ਇਸ ਦਫਤਰ ਵਲੋ ਵੀ ਸਬੰਧਤ ਬਲਾਕਾਂ ਨੂੰ ਆਪਣੇ ਅਧੀਨ ਆਉਂਦੇ ਸਕੂਲਾਂ ਵਿੱਚ ਕੰਮ ਕਰਦੇ ਅਧਿਕਾਰੀਆਂ/ਕਰਮਚਾਰੀਆਂ ਦੀ ਵੈਕਸੀਨੇਸ਼ਨ ਕਰਵਾਉਣ ਲਈ ਕਿਹਾ ਜਾ ਰਿਹਾ ਹੈ।ਪਰ ਵੈਕਸੀਨੇਸ਼ਨ ਕਰਵਾਉਣ ਦਾ ਕੰਮ ਜਿਨ੍ਹੀ ਦੇਰ ਮੁਕੰਮਲ ਨਹੀ ਹੋ ਜਾਂਦਾ, ਉਨੀ ਦੇਰ ਤੱਕ ਸਮੂਹ ਸਕੂਲ ਮੁੱਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਆਪਣੇ ਅਧੀਨ ਆਉਂਦੇ ਕਰਮਚਾਰੀਆਂ ਦੀ ਵੈਕਸੀਨੇਸ਼ਨ ਕਰਵਾਉਣੀ ਯਕੀਨੀ ਬਣਾਉਣ।

ਜਿਹਨਾਂ ਕਰਮਚਾਰੀਆਂ ਵਲੋ ਵੈਕਸੀਨੇਸ਼ਨ ਕਰਵਾਉਣ ਲਈ ਇਨਕਾਰ ਕੀਤਾ ਹੈ, ਉਸਦੀ ਸੂਚੀ ਬਣਾ ਕੇ ਸਬੰਧਤ ਬਲਾਕ ਇੰਚਾਰਜ ਨੂੰ ਭੇਜਣਗੇ ਤਾਂ ਜੋ ਉਹ ਸੂਚਨਾ ਕੰਪਾਈਲ ਕਰਕੇ ਇਸ ਦਫਤਰ ਨੂੰ ਭੇਜ ਸਕਣ।

ਜਿਲ੍ਹਾ ਸਿੱਖਿਆ ਅਫਸਰ (ਸੈ:ਸਿੱ)
ਜਲੰਧਰ।

ਪਿੱਠ ਅੰਕਣ ਨੰ. ਅਤੇ ਮਿਤੀ ਉਕਤ

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮਾਨਯੋਗ ਡਿਪਟੀ ਕਮਿਸ਼ਨਰ ਜਲੰਧਰ।
2. ਸਿਵਲ ਸਰਜਨ ਜਲੰਧਰ।

ਜਿਲ੍ਹਾ ਸਿੱਖਿਆ ਅਫਸਰ (ਸੈ:ਸਿੱ)
ਜਲੰਧਰ।